# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।
## (ਫੁੱਟਕਲ ਸ਼ਾਖਾ)

ਹੁਕਮ ਨੰ:444/ਫਸ

ਜਿਵੇਂ ਕਿ ਭਾਰਤ ਸਰਕਾਰ ਵੱਲੋ ਕੋਵਿਡ-19 ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ ਅਤੇ ਰਾਜ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸ਼ਨ ਵੱਲੋ ਇਸ ਮਹਾਂਮਾਰੀ ਦੇ ਬਚਾਅ ਲਈ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ। ਇਸ ਲੜੀ ਤਹਿਤ ਇਸ ਦਫਤਰ ਵੱਲੋ ਹੁਕਮ ਨੰ:212/ਫਸ ਮਿਤੀ 23.03.2020, ਜੋ ਕਿ ਪਿੱ:ਅੰ:ਨੰ:1587/ਫਸ ਮਿਤੀ 23.03.2020 ਰਾਂਹੀ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਸੀ।

ਜਿਵੇਂ ਕਿ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਵੱਲੋ ਮੀਮੋ ਨੰ:40-3/2020/ ਡੀ.ਐਮ.-1(ਏ) ਮਿਤੀ 17.05.2020 ਰਾਂਹੀ ਜਾਰੀ ਆਦੇਸ਼ਾਂ ਮੁਤਾਬਿਕ ਭਾਰਤ ਦੇਸ਼ ਵਿੱਚ ਲਾਕਡਾਊਨ ਮਿਤੀ 31.05.2020 ਤੱਕ ਵਧਾ ਦਿੱਤਾ ਗਿਆ ਹੈ। ਇਸ ਤਰ੍ਹਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋ ਮੀਮੋ ਨੰ:ਐਸ.ਐਸ/ਏ.ਸੀ.ਐਸ.ਐਚ./2020/424 ਰਾਂਹੀ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਇਸ ਦਫਤਰ ਦੇ ਹੁਕਮ ਨੰ:442/ਫਸ ਮਿਤੀ 18.05.2020 ਰਾਂਹੀ ਜਿਲ੍ਹਾ ਫਰੀਦਕੋਟ ਦੀ ਹਦੂਦ ਦੇ ਸ਼ਹਿਰੀ ਏਰੀਏ ਅੰਦਰ ਪੈਦੀਆਂ ਜਰੂਰੀ ਵਸਤਾਂ ਅਤੇ ਗੈਰ ਜਰੂਰੀ ਵਸਤਾਂ ਦੀਆਂ ਦੁਕਾਨਾਂ ਨੂੰ ਬਿਨ੍ਹਾਂ ਕਿਸੇ ਜ਼ੋਨ ਦੇ ਵੱਖਰੇ ਵੱਖਰੇ ਦਿਨਾਂ ਵਿੱਚ ਸਵੇਰੇ 07.00 ਵਜੇ ਤੋ ਸ਼ਾਮ 07.00 ਵਜੇ ਤੱਕ ਖੋਲਣ ਦੇ ਹੁਕਮ ਦਿੱਤੇ ਗਏ ਹਨ।

ਹੁਣ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਵੱਲੋ ਪੱਤਰ ਨੰ: **IDSP/NHM/Pb./20/Spl-1 dated 22.05.2020** ਰਾਂਹੀ ਜਾਰੀ ਐਡਵਾਈਜ਼ਰੀ ਦੀ ਰੋਸ਼ਨੀ ਵਿੱਚ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਬਾਰਬਰ (ਨਾਈ)/ਹੇਅਰ ਕੱਟ ਸੈਲੂਨ ਨੂੰ ਹਰ ਰੋਜ਼ ਸਵੇਰੇ 07.00 ਵਜੇ ਤੋ ਸ਼ਾਮ 07.00 ਵਜੇ ਤੱਕ ਖੋਲਣ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਦਿੱਤੀ ਜਾਂਦੀ ਹੈ:-

1) ਇਹ ਕਿ ਬਾਰਬਰ (ਨਾਈ)/ਹੇਅਰ ਕੱਟ ਸੈਲੂਨ ਦੇ ਮਾਲਕ ਇਹ ਯਕੀਨੀ ਬਨਾਉਣਗੇ ਕਿ ਉਨ੍ਹਾਂ ਦੇ ਕਿਸੇ ਵੀ ਸਟਾਫ ਵਿੱਚ ਕੋਵਿਡ-19 ਦੇ ਲੱਛਣ ਪਾਏ ਜਾਂਦੇ ਹਨ ਤਾਂ ਉਹ ਘਰ ਰਹਿਕੇ ਡਾਕਟਰੀ ਸਲਾਹ ਲਏਗਾ। ਇਸ ਤਰ੍ਹਾ ਹੀ ਕਿਸੇ ਵੀ ਗਾਹਕ ਨੂੰ ਅਜਿਹੇ ਲੱਛਣ ਪਾਏ ਜਾਂਦੇ ਹਨ ਤਾਂ ਉਸ ਨੂੰ ਅਟੈਂਡ ਨਹੀ ਕੀਤਾ ਜਾਵੇਗਾ।

2) ਇਹ ਕਿ ਬਾਰਬਰ (ਨਾਈ)/ਹੇਅਰ ਕੱਟ ਸੈਲੂਨ ਦੇ ਮਾਲਕ ਆਪਣੇ ਗਾਹਕ ਨੂੰ ਟੈਲੀਫੋਨ/ਮੋਬਾਇਲ ਰਾਂਹੀ ਸਮਾਂ ਦੇਵੇਗਾਂ ਅਤੇ ਦੁਕਾਨ ਤੇ ਕਿਸੇ ਵੀ ਕਿਸਮ ਦੀ ਭੀੜ ਨਹੀ ਕੀਤੀ ਜਾਵੇਗੀ।

3) ਇਹ ਕਿ ਬਾਰਬਰ (ਨਾਈ)/ਹੇਅਰ ਕੱਟ ਸੈਲੂਨ ਦੇ ਮਾਲਕ ਕੰਮ ਕਰਦੇ ਸਮੇਂ ਆਪਣੇ ਮੂੰਹ ਤੇ ਮਾਸਕ ਪਹਿਨਕੇ ਰੱਖੇਗਾਂ ਅਤੇ ਇਸ ਹੀ ਤਰ੍ਹਾਂ ਜੋ ਗਾਹਕ ਉਹਨ੍ਹਾਂ ਦੀ ਦੁਕਾਨ ਤੇ ਆਉਂਦਾ ਹੈ

DISTRICT MAGISTRATE FARIDKOT

Scanned with CamScanner

Scanned with CamScanner

ਤਾਂ ਉਸ ਦੇ ਮਾਸਕ ਵੀ ਪਹਿਨਣਾ ਜਰੂਰੀ ਹੋਵੇਗਾਂ ਅਤੇ ਹਰ ਗਾਹਕ ਦੇ ਦੁਕਾਨ ਅੰਦਰ ਦਾਖਲ ਹੋਣ ਤੋ ਪਹਿਲਾਂ ਉਸ ਦੇ ਹੱਥ ਸੈਨੀਟਾਈਜ਼ ਕਰਵਾਏਗਾਂ।

4) ਇਹ ਕਿ ਬਾਰਬਰ (ਨਾਈ)/ਹੇਅਰ ਕੱਟ ਸੈਲੂਨ ਦੇ ਮਾਲਕ ਆਪਣੀ ਦੁਕਾਨ ਅਤੇ ਦੁਕਾਨ ਅੰਦਰ ਹਰ ਵਸਤਾਂ/ਟੂਲ ਨੂੰ ਹਰ 2 ਘੰਟੇ ਬਾਅਦ ਸੈਨੀਟਾਈਜ਼ ਕਰਨਾ ਯਕੀਨੀ ਬਣਾਏਗਾਂ ਅਤੇ ਆਪਣੇ ਗਾਹਕ ਨੂੰ ਆਨ-ਲਾਈਨ ਪੇਮੈਂਟ ਕਰਨ ਲਈ ਪ੍ਰੇਰਿਤ ਕਰੇਗਾਂ।

5) ਇਹ ਕਿ ਕੋਵਿਡ-19 ਮਹਾਂਮਾਰੀ ਤੋ ਬੱਚਣ ਲਈ ਲੋੜੀਦੇ ਸਾਰਥਿਕ ਕਦਮ ਆਮ ਜਨਤਾ ਦੇ ਸਹਿਯੋਗ ਨਾਲ ਹੀ ਚੁੱਕੇ ਜਾ ਸਕਦੇ ਹਨ। ਇਸ ਲਈ ਹਰ ਦੁਕਾਨਦਾਰ, ਵਿਅਕਤੀ, ਗਾਹਕ ਘੱਟੋ ਘੱਟ 2 ਮੀਟਰ ਦੀ ਸਮਾਜਿਕ ਦੂਰੀ ਬਣਾਕੇ ਰੱਖੇਗਾ।

ਇਨ੍ਹਾਂ ਹੁਕਮਾਂ ਦੀ ਪਾਲਣਾ ਲਈ ਹਰੇਕ ਵਿਅਕਤੀ/ਦੁਕਾਨਦਾਰ ਅਤੇ ਗਾਹਕ ਨਿੱਜੀ ਤੌਰ ਤੇ ਖੁੱਦ ਜਿਮੇਵਾਰ ਹੋਵੇਗਾ। ਪਰੰਤੂ ਉਲੰਘਣਾ ਦੀ ਸੂਰਤ ਵਿੱਚ ਕੁਤਾਹੀਕਾਰ ਵਿਰੁੱਧ ਡਿਜਾਸਟਰ ਮੈਨੇਜਮੈਂਟ ਐਕਟ 2005 ਦੀਆਂ ਧਾਰਾਂਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਲੋਕ ਹਿੱਤਾਂ ਵਿੱਚ ਤੁਰੰਤ ਅਸਰ ਨਾਲ ਲਾਗੂ ਹੋਣਗੇ।

ਅੱਜ ਮਿਤੀ 23-05-2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤੇ ਗਏ।

ਮਿਤੀ 23.05.2020

(ਕੁਮਾਰ ਸੌਰਭ ਰਾਜ),ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ

DISTRICT MAGISTRATE FARIDKOT

ਪਿੱ:ਅੰ:ਨੰ: 2862 /ਫਸ-ਫਕ-2 ਮਿਤੀ 23-05-2020

ਉਪਰੋਕਤ ਦਾ ਉਤਾਰਾ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2) ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3) ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ
4) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
5) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
6) ਵਧੀਕ ਡਿਪਟੀ ਕਮਿਸ਼ਨਰ (ਜ) ਅਤੇ (ਵਿਕਾਸ), ਫਰੀਦਕੋਟ
7) ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
8) ਸਿਵਲ ਸਰਜਨ, ਫਰੀਦਕੋਟ
9) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
10) ਡੀ.ਆਈ.ਓ., ਐਨ.ਆਈ.ਸੀ., ਫਰੀਦਕੋਟ
11) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
12) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
13) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ ਅਤੇ ਜੈਤ

ਪਾਸ ਸੂਚਨਾ ਅਤੇ ਉਕਤ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ

Scanned with CamScan
Scanned with CamScanner